# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਸੈਕਟਰ-62, ਐਸ.ਏ.ਐਸ.ਨਗਰ

**ਵੱਲ:**

ਪੰਜਾਬ ਰਾਜ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)

ਮੀਮੋ ਨੰ. ਸਟੈਨੋ/ਸ.ਡ.ਐਫੀ/IELTS/12/5

ਮਿਤੀ: 19-12-2018 (ਐਸ.ਏ.ਐਸ.ਨਗਰ)

**ਵਿਸ਼ਾ: I.E.L.T.S. ਪ੍ਰੋਜੈਕਟ ਦਾ ਐਜੂਸੈਟ ਉਪਰ ਪ੍ਰਸਾਰਣ ਅਤੇ ਇਸ ਪ੍ਰਾਜੈਕਟ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਰੰਭ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸੰਬਧੀ ਮਾਣਯੋਗ ਸਿੱਖਿਆ ਸਕੱਤਰ ਜੀ ਦੇ ਆਦੇਸ਼ ਅਨੁਸਾਰ I.E.L.T.S. ਪ੍ਰੋਜੈਕਟ ਦਾ ਐਜੂਸੈਟ ਪ੍ਰਸਾਰਣ ਮਿਤੀ 21-12-2018 (ਸ਼ੁੱਕਰਵਾਰ) ਦੁਪਹਿਰ 2:00 ਵਜੇ ਤੋਂ 3:20 ਤੱਕ 11ਵੀਂ ਜਮਾਤ ਲਈ ਕੀਤਾ ਜਾਵੇਗਾ ਅਤੇ ਮਿਤੀ 22-12-2018 (ਸ਼ਨੀਵਾਰ) ਨੂੰ ਦੁਪਹਿਰ 2:00 ਵਜੇ ਤੋਂ 3:20 ਤੱਕ 12ਵੀਂ ਜਮਾਤ ਲਈ ਕੀਤਾ ਜਾਵੇਗਾ।

ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪ੍ਰਸਾਰਣ ਵਿੱਚ ਪੰਜਾਬ ਰਾਜ ਦੇ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ, ਸੀਨੀਅਰ ਸੈਕੰਡਰੀ ਜਮਾਤਾਂ ਨੂੰ ਅੰਗ੍ਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕ, 11ਵੀਂ ਜਮਾਤ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਜਿਲ੍ਹਾ ਪੱਧਰ ਤੇ ਕੰਸੌਲੀਡੇਟ ਕਰਕੇ ਇਸ ਦੀ ਰਿਪੋਰਟ (ਸਮੇਤ ਫੋਟੋਆਂ) ਇਸ ਦਫਤਰ ਦੀ ਈ-ਮੇਲ ਆਈ.ਡੀ. assistantdirectoraffiliation@gmail.com ਉਪਰ ਭੇਜੀ ਜਾਵੇ। ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਸਰਟੀਫਿਕੇਟ ਦਿਤਾ ਜਾਵੇ ਕਿ ਇਸ ਟੈਲੀਕਸਾਟ ਵਿੱਚ ਸਾਰੇ ਸਬੰਧਤਾਂ ਨੇ ਭਾਗ ਲੈ ਲਿਆ ਹੈ। ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਜਿਲ੍ਹਿਆਂ ਨਾਲ ਸਬੰਧਤ Edusat ROT ਚਾਲੂ ਹਾਲਤ ਵਿੱਚ ਹੋਣ ਅਤੇ ਜਿਨ੍ਹਾਂ ਸਕੂਲਾ ਵਿੱਚ ਐਜੂਸੈਟ ਸੁਵਿਧਾ ਨਹੀਂ ਹੈ ਜਾਂ ਕਿਸੇ ਕਾਰਣ ਕਰਕੇ ROT ਚਾਲੂ ਹਾਲਤ ਵਿੱਚ ਨਹੀਂ ਹੈ ਇਸ ਸਬੰਧੀ ਸਕੂਲ ਮੁੱਖੀ ਅਤੇ ਸਬੰਧਤ ਅਧਿਆਪਕ ਨੇੜੇ ਦੇ ਐਜੂਸੈਟ ਸੁਵਿਧਾ ਵਾਲੇ ਸਕੂਲ ਵਿੱਚ ਇਹ ਪ੍ਰੋਗਰਾਮ ਵੇਖਣਾ ਯਕੀਨੀ ਬਣਾਉਣਗੇ।

ਪੰਜਾਬ ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਲੈਕਚਰਰਾਂ ਨੂੰ I.E.L.T.S. ਪ੍ਰੋਜੈਕਟ ਅਧੀਨ ਨਵੰਬਰ-ਦਸੰਬਰ 2018 ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ਼, ਫਤਿਹਗੜ੍ਹ ਸਾਹਿਬ ਵਿਖੇ ਅੰਗ੍ਰੇਜ਼ੀ ਵਿਸ਼ੇ ਦੀ ਇਕ ਰੋਜ਼ਾ Introductary Training ਕਰਵਾਈ ਜਾ ਚੁੱਕੀ ਹੈ। ਇਸ ਸਬੰਧੀ ਵਿਦਿਆਰਥੀਆਂ ਲਈ Student Module ਅਤੇ ਅਧਿਆਪਕਾਂ ਲਈ Sample Test ਵਿਭਾਗ ਦੀ ਵੈਬ ਸਾਈਟ http://www.ssapunjab.org ਉਪਰ ਅਪਲੋਡ ਕਰ ਦਿੱਤੇ ਗਏ ਹਨ। ਹੋਰ ਮਟੀਰੀਅਲ ਵੀ ਸਮੇਂ ਸਮੇਂ ਤੇ ਅਪਲੋਡ ਕੀਤਾ ਜਾਂਦਾ ਰਹੇਗਾ ਜਿਸ ਦੀ ਵਿਦਿਆਰਥੀ ਅਤੇ ਅਧਿਆਪਕ ਡਾਊਨਲੋਡ ਕਰਕੇ ਵਰਤੋਂ ਕਰਨਗੇ। ਇਸ ਸਬੰਧੀ ਵਿਸ਼ੇਸ਼ ਹਦਾਇਤਾਂ ਐਜੂਸੈਟ ਲੈਕਚਰ ਵਿੱਚ ਦਿੱਤੀਆਂ ਜਾਣਗੀਆਂ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲ੍ਹੇ ਵਿੱਚ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਸੀਨੀਅਰ ਸੈਕੰਡਰੀ ਜਮਾਤਾਂ ਨੂੰ ਅੰਗ੍ਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਵੇ ਕਿ I.E.L.T.S. ਪ੍ਰੋਜੈਕਟ ਅਧੀਨ ਲਈ ਗਈ ਟ੍ਰੇਨਿੰਗ ਅਨੁਸਾਰ ਸਕੂਲਾਂ ਵਿੱਚ 11ਵੀਂ ਜਮਾਤ ਲਈ ਸ਼ੁਕਰਵਾਰ ਨੂੰ ਤੀਜੇ ਅਤੇ 12ਵੀਂ ਜਮਾਤ ਲਈ ਸ਼ਨੀਵਾਰ ਨੂੰ ਚੌਥੇ ਪੀਰੀਅਡ ਵਿੱਚ ਵਿਦਿਆਰਥੀਆਂ ਨੂੰ I.E.L.T.S. ਦੀ ਪ੍ਰੈਕਟਿਸ ਕਰਵਾਉਣੀ ਆਰੰਭ ਕਰ ਦਿੱਤੀ ਜਾਵੇ।

I.E.L.T.S. ਦੇ Listening ਵਾਲੇ ਭਾਗ ਦੀ ਟ੍ਰੇਨਿੰਗ ਲਈ ਸਪੀਕਰ ਦੀ ਜਰੂਰਤ ਹੈ, ਇਸ ਲਈ ਸਬੰਧਤ ਸਕੂਲ ਮੁੱਖੀਆਂ ਵੱਲੋਂ ਸਕੂਲ ਵਿੱਚ ਸਪੀਕਰ ਦਾ ਪ੍ਰਬੰਧ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ।

ਇਸ ਪ੍ਰੋਗਰਾਮ ਨੂੰ ਹੋਰ ਬੇਹਤਰ ਬਣਾਉਣ ਲਈ ਅਤੇ ਮੋਡਿਊਲ ਸੰਬਧੀ ਸੁਝਾਅ ਈ-ਮੇਲ ਆਈ.ਡੀ. assistantdirectoraffiliation@gmail.com ਉਪਰ ਭੇਜੇ ਜਾਣ।

ਡਾਇਰੈਕਟਰ, ਐਸ.ਸੀ.ਈ.ਆਰ.ਟੀ,
ਪੰਜਾਬ, ਸ.ਅ.ਸ. ਨਗਰ।

ਪਿੱਠ ਅੰਕਣ: ਉਕਤ ਮਿਤੀ: 19-12-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:

1) ਡਿਪਟੀ ਐਸ.ਪੀ.ਡੀ. (ਐਜੂਸੈਟ), ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਡਿਪਟੀ ਮੈਨੇਜਰ (ਐਮ.ਆਈ.ਐਸ.) ਨੂੰ Student Module, Sample Test ਅਤੇ ਪੱਤਰ ਨੂੰ ਵੈਬ ਸਾਈਟ http://www.ssapunjab.org ਅਤੇ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਦੇ ਨੋਟਿਸ ਬੋਰਡ ਉਪਰ ਅਪਲੋਡ ਕਰਨ ਹਿਤ।

ਡਾਇਰੈਕਟਰ, ਐਸ.ਸੀ.ਈ.ਆਰ.ਟੀ,
ਪੰਜਾਬ, ਸ.ਅ.ਸ. ਨਗਰ।